PGJ5E3033 REV2 07/2015

i-sens

ਤੁਰੰਤ ਹਵਾਲਾ ਗਾਈਡ

CareSens™ N POP

ਬਲੱਡ ਗਲੂਕੋਜ਼ ਮਾਨੀਟਰਿੰਗ ਸਿਸਟਮ

1. ਕੇਅਰਸੇਨਸ ਐਨ ਪੀਓਪੀ ਬਲੱਡ ਗਲੂਕੋਜ਼ ਮਾਨੀਟਰ

ਡਿਸਪਲੇ
ਨਤੀਜੇ, ਸੰਦੇਸ਼ ਦਿਖਾਉਂਦੀ ਹੈ

ਐਸ ਬਟਨ
ਮੀਟਰ ਨੂੰ ਚਾਲੂ/ਬੰਦ ਕਰਦਾ ਹੈ ਅਤੇ ਮੀਨੂ ਚੋਣਾਂ ਦੀ ਪੁਸ਼ਟੀ ਕਰਦਾ ਹੈ

ਜਾਂਚ ਪੱਟੀ ਦਾ ਪੋਰਟ
ਜਾਂਚ ਪੱਟੀ ਨੂੰ ਅੰਦਰ ਪਾਓ ਇੱਥੇ

>> ਬਟਨ
ਜਾਣਕਾਰੀ ਨੂੰ ਚੁਣਦਾ ਜਾਂ ਬਦਲਦਾ ਹੈ

ਡੇਟਾ ਪੋਰਟ
ਕੇਬਲ ਦੀ ਮਦਦ ਨਾਲ ਮੀਟਰ ਤੋਂ ਕੰਪਿਊਟਰ ਵਿੱਚ ਡੇਟਾ ਟ੍ਰਾਂਸਫਰ ਕਰਨ ਲਈ ਵਰਤੀ ਜਾਂਦੀ ਹੈ

ਨੋਟ : ਇਹ ਜਾਂਚ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਹਰੇਕ ਵਾਰ ਮੀਟਰ ਚਾਲੂ ਹੋਣ 'ਤੇ ਮੀਟਰ ਦੀ ਡਿਸਪਲੇ ਸਕ੍ਰੀਨ ਤੇ ਦਿਸ ਰਿਹਾ ਚਿੱਤਰ ਉੱਪਰਲੇ ਚਿੱਤਰ ਨਾਲ ਮੇਲ ਖਾਂਦਾ ਹੋਵੇ। ਜੇਕਰ ਡਿਸਪਲੇ ਸਕ੍ਰੀਨ ਚਿੱਤਰ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦੀ ਤਾਂ ਮੀਟਰ ਦੀ ਵਰਤੋਂ ਨਾ ਕਰੋ ਕਿਉਂਕਿ ਮੀਟਰ ਗਲਤ ਨਤੀਜੇ ਦਿਖਾ ਸਕਦਾ ਹੈ।

2. ਕੇਅਰਸੇਨਸ ਐਨ ਪੀਓਪੀ ਜਾਂਚ ਪੱਟੀ



ਕੌਂਟੈਕਟ ਬਾਰਸ
ਕੌਂਟੈਕਟ ਬਾਰਸ ਦਾ ਮੂੰਹ ਉੱਪਰ ਵੱਲ ਕਰਕੇ, ਜਾਂਚ ਪੱਟੀ ਨੂੰ ਮੀਟਰ ਦੀ ਜਾਂਚ ਪੱਟੀ ਪੋਰਟ ਵਿੱਚ ਹੌਲੀ ਜਿਹਾ ਧੱਕਾ ਦਿਓ

ਪੁਸ਼ਟੀ ਵਿੰਡੋ
ਇਹ ਦੇਖਣ ਲਈ ਕਿ ਕੀ ਖੂਨ ਦਾ ਬਥੇਰਾ ਨਮੂਨਾ ਲਗਾਇਆ ਗਿਆ ਹੈ, ਇੱਥੇ ਜਾਂਚ ਕਰੋ

ਖੂਨ ਦਾ ਨਮੂਨਾ ਲਗਾਉਣ ਲਈ ਨੁੱਕਰ
ਜਾਂਚ ਲਈ ਖੂਨ ਦਾ ਨਮੂਨਾ ਇੱਥੇ ਲਗਾਓ

3. ਲੈਂਸਿੰਗ ਡਿਵਾਇਸ



4. ਲੈਂਸਿੰਗ ਡਿਵਾਇਸ ਨੂੰ ਤਿਆਰ ਕਰਨਾ



1. ਸਮਾਯੋਜਨ ਹੋਣ ਯੋਗ ਨੋਕ ਦੇ ਪੇਚ ਖੋਲ੍ਹੋ ਅਤੇ ਉਤਾਰੋ।



2. ਲੈਂਸੇਟ ਹੋਲਡਰ ਵਿੱਚ ਇਕ ਨਵੇਂ ਲੈਂਸੇਟ ਨੂੰ ਪਕਿਆਈ ਨਾਲ ਪਾਓ। ਲੈਂਸੇਟ ਨੂੰ ਪਕਿਆਈ ਨਾਲ ਫੜੋ। ਸੁਰੱਖਿਆ ਡਿਸਕ ਨੂੰ ਖਿੱਚ ਕੇ ਉਤਾਰਨ ਲਈ ਹੌਲੀ ਜਿਹਾ ਘੁਮਾਓ। ਲੈਸੇਂਟ ਨੂੰ ਵਰਤਣ ਤੋਂ ਬਾਅਦ ਦੁਬਾਰਾ ਧੱਕਣ ਲਗਾਉਣ ਲਈ ਡਿਸਕ ਨੂੰ ਸੰਭਾਲ ਲਓ। ਲੈਂਸਿੰਗ ਡਿਵਾਇਸ ਨੋਕ ਨੂੰ ਬਦਲੋ।



3. ਲੈਂਸਿੰਗ ਡਿਵਾਇਸ ਦੀ ਸਮਾਯੋਜਨ ਹੋਣ ਯੋਗ ਨੋਕ ਉੱਤੇ ਇਕ-ਤੋਂ-ਸੱਤ (1-7) ਦੀ ਇੱਛਤ ਡੂੰਘਾਈ ਚੁਣੋ। ਸਮਾਯੋਜਨ ਹੋਣ ਯੋਗ ਨੋਕ ਦੇ ਸਭ ਤੋਂ ਉੱਪਰਲੇ ਹਿੱਸੇ ਨੂੰ ਉਦੋਂ ਤੱਕ ਘੁਮਾ ਕੇ ਡੂੰਘਾਈ ਚੁਣੋ ਜਦੋਂ ਤੱਕ ਸੈਟਿੰਗ ਸੰਖਿਆ ਤੀਰ ਦੇ ਨਾਲ ਮੇਲ ਨਹੀਂ ਖਾਂਦੀ। ਤਿੰਨ (3) ਦੀ ਸ਼ੁਰੂਆਤੀ ਸੈਟਿੰਗ ਦੀ ਸਿਫਾਰਿਸ਼ ਕਿੱਤੀ ਜਾਂਦੀ ਹੈ।



4. ਸਲਾਈਡਿੰਗ ਬੈਰਲ ਉੱਤੇ ਲੈਂਸਿੰਗ ਡਿਵਾਇਸ ਨੂੰ ਉਦੋਂ ਤੱਕ ਖਿੱਚ ਕੀ ਕੌਕ ਕਰੋ ਜਦੋਂ ਤੱਕ ਡਿਵਾਇਸ ਕਲਿੱਕ ਨਹੀਂ ਕਰਦਾ।

5. ਮੀਟਰ ਅਤੇ ਜਾਂਚ ਪੱਟੀ ਨੂੰ ਤਿਆਰ ਕਰਨਾ

5. ਆਪਣੇ ਹੱਥਾਂ ਅਤੇ ਨਮੂਨੇ ਦੀ ਥਾਂ ਨੂੰ ਧੋਵੋ। ਚੰਗੀ ਤਰ੍ਹਾਂ ਹੰਗਾਲੋ ਅਤੇ ਸੁਕਾ ਲਓ।



6. ਕੌਂਟੈਕਟ ਬਾਰਸ ਦਾ ਮੂੰਹ ਉੱਪਰ ਵੱਲ ਕਰਕੇ ਇਕ ਜਾਂਚ ਪੱਟੀ ਨੂੰ ਅੰਦਰ ਪਾਓ। ਸਕ੍ਰੀਨ ਉੱਤੇ ▲ ਚਿੰਨ੍ਹ ਨਜ਼ਰ ਆਏਗਾ।

6. ਖੂਨ ਲਗਾਉਣਾ



7. ਲੈਂਸਿੰਗ ਡਿਵਾਇਸ ਦੀ ਵਰਤੋਂ ਕਰਕੇ ਖੂਨ ਦਾ ਇਕ ਨਮੂਨਾ ਪ੍ਰਾਪਤ ਕਰੋ।



8. ਸਕ੍ਰੀਨ ਉਤੇ ▲ ਚਿੰਨ੍ਹ ਦਿਖਾਈ ਦੇਣ ਦੇ ਬਾਅਦ, ਖੂਨ ਦੇ ਨਮੂਨੇ ਨੂੰ ਜਾਂਚ ਪੱਟੀ ਦੇ ਤੰਗ ਸਿਰੇ ਤੇ ਉਦੋਂ ਤੱਕ ਲਗਾਓ ਜਦੋਂ ਤੱਕ ਮੀਟਰ ਬੀਪ ਨਹੀਂ ਕਰਦਾ। ਜੇਕਰ ਅਸੁਭਾਵਿਕ ਲੇਸਲਾਪਣ (ਗਾੜ੍ਹਾਪਣ ਅਤੇ ਚਿਪਚਿਪਾ) ਜਾਂ ਨਾਕਾਫੀ ਮਾਤਰਾ ਹੋਣ ਕਰਕੇ ਪੁਸ਼ਟੀ ਵਿੰਡੋ ਸਮੇਂ ਸਿਰ ਭਰੀ ਨਹੀਂ ਜਾਂਦੀ, ਤਾਂ ER4 ਸੰਦੇਸ਼ ਪ੍ਰਦਰਸ਼ਿਤ ਹੋ ਸਕਦਾ ਹੈ।
ਜਾਂਚ ਪੱਟੀ ਤੇ ਖੂਨ ਦੇ ਨਮੂਨੇ ਨੂੰ ਨਮੂਨੇ ਵਾਲੀ ਥਾਂ ਤੇ ਅਸਲ ਵਿੱਚ ਖੜਵੀਂ ਦਿਸ਼ਾ ਵਿੱਚ ਲਗਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜਿਵੇਂ ਕਿ ਚਿੱਤਰ ਵਿੱਚ ਦਿਖਾਇਆ ਗਿਆ ਹੈ।

ਚੰਗਾ ਨਮੂਨਾ — ਨਾਕਾਫੀ ਨਮੂਨਾ

9. ਮੀਟਰ ਦੇ 5 ਤੋਂ 1 ਤੱਕ ਉਲਟੀ ਗਿਣਤੀ ਕਰਨ ਤੋਂ ਬਾਅਦ ਜਾਂਚ ਨਤੀਜਾ ਨਜ਼ਰ ਆਏਗਾ। ਮੀਟਰ ਦੀ ਮੈਮਰੀ ਵਿੱਚ ਨਤੀਜਾ ਆਪਣੇ-ਆਪ ਸਟੋਰ ਹੋ ਜਾਏਗਾ।

7. ਵਰਤੇ ਗਏ ਲੈਂਸੇਟ ਨੂੰ ਸੁੱਟਣਾ



10. ਲੈਂਸੇਟ ਉੱਤੇ ਰੱਖਿਅਕ ਢੱਕਣ ਲਗਾਓ।



11. ਵਰਤੇ ਗਏ ਲੈਂਸੇਟ ਨੂੰ ਇਕ ਉਚਿਤ ਬਾਇਓਹਾਜ਼ਰਡ ਡੱਬੇ ਵਿੱਚ ਸੁੱਟਣ ਲਈ ਲੈਂਸੇਟ ਇੰਜੈਕਟਰ ਨੂੰ ਅੰਗੂਠੇ ਦੇ ਨਾਲ ਅਗਾਂਹ ਵੱਲ ਧੱਕਾ ਦਿਓ।

8. ਡਿਸਪਲੇ ਅਤੇ ਸੰਦੇਸ਼

Er 1
ਇਕ ਵਰਤੀ ਗਈ ਜਾਂਚ ਪੱਟੀ ਅੰਦਰ ਪਾਈ ਗਈ ਸੀ।
>ਇਕ ਨਵੀਂ ਜਾਂਚ ਪੱਟੀ ਨਾਲ ਜਾਂਚ ਨੂੰ ਦੁਹਰਾਓ।

Er 2
▲ ਚਿੰਨ੍ਹ ਨਜ਼ਰ ਆਉਣ ਤੋਂ ਪਹਿਲਾਂ ਖੂਨ ਜਾਂ ਕੰਟ੍ਰੋਲ ਸੌਲੂਸ਼ਨ ਦਾ ਨਮੂਨਾ ਲਗਾਇਆ ਗਿਆ ਸੀ।
>ਜਾਂਚ ਨੂੰ ਇਕ ਨਵੀਂ ਜਾਂਚ ਪੱਟੀ ਦੇ ਨਾਲ ਦੁਹਰਾਓ ਅਤੇ ਖੂਨ ਦਾ ਨਮੂਨਾ ਜਾਂ ਕੰਟ੍ਰੋਲ ਸੌਲੂਸ਼ਨ ਨਮੂਨਾ ਲਗਾਉਣ ਤੋਂ ਪਹਿਲਾਂ ਉਦੋਂ ਤੱਕ ਉਡੀਕ ਕਰੋ ਜਦੋਂ ਤੱਕ ▲ ਚਿੰਨ੍ਹ ਨਜ਼ਰ ਨਹੀਂ ਆਉਂਦਾ।

Er 4
ਖੂਨ ਦਾ ਨਮੂਨਾ ਅਸਧਾਰਨ ਤੌਰ ਤੇ ਵੱਧ ਲੇਸਦਾਰ ਹੈ ਜਾਂ ਇਸਦੀ ਮਾਤਰਾ ਨਾਕਾਫੀ ਹੈ।
>ਇਕ ਨਵੀਂ ਜਾਂਚ ਪੱਟੀ ਅੰਦਰ ਪਾ ਕੇ ਜਾਂਚ ਨੂੰ ਦੁਹਰਾਓ।

Er 5
ਇਕ ਤਰੁੱਟੀ ਸੰਦੇਸ਼ ਉਦੋਂ ਨਜ਼ਰ ਆ ਸਕਦਾ ਹੈ ਜਦੋਂ ਕੇਅਰਸੇਨਸ ਐਨ ਬਲੱਡ ਗਲੂਕੋਜ਼ ਜਾਂਚ ਪੱਟੀ ਦੀ ਬਜਾਏ ਗਲਤ ਬਲੱਡ ਗਲੂਕੋਜ਼ ਜਾਂਚ ਪੱਟੀ ਵਰਤੀ ਜਾਂਦੀ ਹੈ।
>ਇਕ ਕੇਅਰਸਨਸ ਐਨ ਜਾਂਚ ਪੱਟੀ ਦੇ ਨਾਲ ਜਾਂਚ ਨੂੰ ਦੁਹਰਾਓ।

Er 6
ਮੀਟਰ ਦੇ ਨਾਲ ਕੋਈ ਸਮੱਸਿਆ ਹੋਈ ਹੈ।
>ਮੀਟਰ ਦੀ ਵਰਤੋਂ ਨਾ ਕਰੋ। ਆਪਣੇ ਅਧਿਕਾਰਿਤ i-SENS ਵਿਕਰੀ ਨੁਮਾਇੰਦੇ ਦੇ ਨਾਲ ਸੰਪਰਕ ਕਰੋ।

Er 8
ਜਾਂਚ ਦੌਰਾਨ ਬਿਜਲੀ ਸੰਬੰਧੀ ਤਰੁੱਟੀ ਆਈ।
>ਇਕ ਨਵੀਂ ਜਾਂਚ ਪੱਟੀ ਨਾਲ ਜਾਂਚ ਨੂੰ ਦੁਹਰਾਓ। ਜੇਕਰ ਫ਼ਿਰ ਵੀ ਤਰੁੱਟੀ ਰਹਿੰਦੀ ਹੈ, ਤਾਂ ਆਪਣੇ ਅਧਿਕਾਰਿਤ i-SENS ਵਿਕਰੀ ਨੁਮਾਇੰਦੇ ਦੇ ਨਾਲ ਸੰਪਰਕ ਕਰੋ।

HIC
ਜਾਂਚ ਦੇ ਦੌਰਾਨ ਤਾਪਮਾਨ ਸੰਚਾਲਨ ਸੀਮਾ ਤੋਂ ਉੱਤੇ ਸੀ।

LoC
ਜਾਂਚ ਦੇ ਦੌਰਾਨ ਤਾਪਮਾਨ ਸੰਚਾਲਨ ਸੀਮਾ ਤੋਂ ਥੱਲੇ ਸੀ।

>ਉਸ ਖੇਤਰ ਤੇ ਜਾਓ ਜਿੱਥੇ ਤਾਪਮਾਨ ਸੰਚਾਲਨ (5-50°C) ਦੇ ਅੰਦਰ ਹੈ ਅਤੇ ਮੀਟਰ ਅਤੇ ਜਾਂਚ ਪੱਟੀਆਂ ਦੇ ਸੰਚਾਲਨ ਸੀਮਾ ਦੇ ਅੰਦਰ ਤਾਪਮਾਨ ਤੇ ਪਹੁੰਚ ਜਾਣ ਤੋਂ ਬਾਅਦ ਜਾਂਚ ਨੂੰ ਦੁਹਰਾਓ।

ਤੁਰੰਤ ਗਾਈਡ

CareSens™ N POP
Blood Glucose Monitoring System

i-SENS, Inc.
43, Banpo-daero 28-gil, Seocho-gu,
Seoul 06646, Korea
www.i-sens.com

ਆਸਟ੍ਰੇਲਿਆਈ ਵਿਤਰਕ:
Pharmaco (Australia) Limited
Gordon, NSW 2072
ਫੋਨ: 1800 114 610
Website: www.caresens.com.au

ਐਨਜ਼ੈਡ ਵਿਤਰਕ:
Pharmaco (NZ) Ltd
Auckland
ਫੋਨ: 0800 GLUCOSE (0800 458267)
Website: www.caresens.co.nz

© 2015 i-SENS, ਇੰਕ., ਸਾਰੇ ਅਧਿਕਾਰ ਰਾਖਵੇਂ ਹਨ।

CE 0123 IVD